9

# ਮੀਕਲ

## ਜਦ ਪਿਆਰ ਕੜਵਾਹਟ ਵਿਚ ਬਦਲ ਜਾਂਦਾ ਹੈ !

(18:20, 27; 19:11-17)

1 ਸਮੂਏਲ ਵਿਚ ਜ਼ਿੰਦਗੀ ਦੇ ਕਰੀਬ ਸਾਰੇ ਅਨੁਭਵਾਂ ਨੂੰ ਛੂਹਿਆ ਗਿਆ ਹੈ। ਇਸ ਕਿਤਾਬ ਵਿਚ ਇਕ ''ਪ੍ਰੇਮ ਕਹਾਣੀ'' ਹੈ। ਇਸ ਕਹਾਣੀ ਵਿਚ ਏਨੀ ਮਿਸਾਲ ਹੈ ਕਿ ਉਹ ਅੱਜ ਦੇ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ ਬਣ ਸਕਦੀ ਹੈ। ਕਹਾਣੀ ਵਿਚ ਦੋ ਜਵਾਨ ਪ੍ਰੇਮੀ ਹਨ, ਕਈ ਉਲਝਣਾਂ, ਸਾਜ਼ਿਸ਼ਾਂ, ਅਤੇ ਉਤਾਰ ਚੜ੍ਹਾਅ, ਖ਼ਤਰੇ ਆਦਿ ਮਿਲਦੇ ਹਨ। ਇਹ ਇਕ ਰੁਮਾਂਚਿਤ ਕਰਨ ਵਾਲੀ ਪ੍ਰੇਮ ਕਹਾਣੀ ਹੈ। ਪਰ ਇਸ ਕਹਾਣੀ ਦੇ ਅਖ਼ੀਰ ਵਿਚ ਪਰਦਾ ਡਿੱਗਣ ਵੇਲੇ ''ਬਾਅਦ ਵਿਚ ਖੁਸ਼ੀ ਖੁਸ਼ੀ ਰਹਿਣ'' ਦੀ ਗੱਲ ਨਹੀਂ ਹੈ। ਇਸ ਕਹਾਣੀ ਦਾ ਅਜਿਹਾ ਸੁਖਦ ਅੰਤ ਹੋ ਸਕਦਾ ਸੀ, ਪਰ ''ਪ੍ਰੇਮ'' ਨੂੰ ਉਸਦਾ ਬਣਦੀ ਥਾਂ ਨਹੀਂ ਮਿਲਦੀ ਅਤੇ ਉਸ ਦੀ ਥਾਂ ਕੜਵਾਹਟ ਨੂੰ ਰਾਜ ਕਰਨ ਦਿੱਤਾ ਜਾਂਦਾ ਹੈ।

ਵਿਆਹ ਦੀ ਖਿੱਚ ਦੀ ਦੁੱਖ ਭਰੀ ਸੱਚਾਈ ਬਹੁਤ ਸਾਰੇ ਜੋੜਿਆਂ ਦੀ ਜ਼ਿੰਦਗੀ ਵਿਚ ਨਾਖੁਸ਼ੀ ਕਾਰਣ ਆ ਜਾਂਦੀ ਹੈ। ਬਹੁਤ ਵਾਰ ਖੁਸ਼ਹਾਲ ਪਰਿਵਾਰ ਵੀ ਇਕ ਕੌੜੇ ਜਾਂ ਨਫ਼ਰਤ ਭਰੇ ਜੰਗ ਦੇ ਮੈਦਾਨ ਵਿਚ ਬਦਲ ਜਾਂਦਾ ਹੈ। ਸੁਕਰਾਤ ਦੀ ਬੀਵੀ ਜ਼ਨਤੀਪੇ ਬੜੇ ਗੁੱਸੇ ਵਾਲੀ ਔਰਤ ਸੀ। ਇਕ ਵਾਰ, ਆਪਣੇ ਉੱਤੇ ਉਸਦਾ ਪੂਰਾ ਗੁੱਸਾ ਉਤਰਨ ਦੇ ਬਾਅਦ ਸੁਕਰਾਤ ਬਾਹਰ ਜਾ ਕੇ ਸਾਹਮਣੇ ਵਾਲੀ ਪੌੜੀ ਤੇ ਬੈਠ ਗਿਆ, ਉਸ ਦਾ ਸ਼ਾਂਤ ਅਤੇ ਬੇਪਰਵਾਹ ਵਿਹਾਰ ਵੇਖ ਕੇ ਉਹ ਚਿੜ ਗਈ। ਗੁੱਸੇ ਵਿਚ ਉਹ ਪੌੜੀਆਂ ਤੇ ਗਈ ਅਤੇ ਸੁਕਰਾਤ ਦੇ ਸਿਰ ਤੇ ਪਾਣੀ ਦਾ ਘੜਾ ਡੋਲ੍ਹ ਦਿੱਤਾ। ਸੁਕਰਾਤ ਨੇ ਹੱਸ ਕੇ ਐਨਾ ਹੀ ਆਖਿਆ ਕਿ ਐਨੇ ਬੱਦਲ ਹੋਣ ਦੇ ਬਾਅਦ ਬਾਰਸ਼ ਤਾਂ ਹੋਣੀ ਹੀ ਸੀ।

ਦੋ ਜਵਾਨ ਪ੍ਰੇਮੀ, ਯੱਸੀ ਦਾ ਪੁੱਤਰ ਦਾਊਦ ਅਤੇ ਸ਼ਾਊਲ ਦੀ ਬੇਟੀ ਮੀਕਲ ਇਕ ਸਬਕ ਸਿਖਾਉਂਦੇ ਹਨ, ਜਿਸ ਤੇ ਸਾਨੂੰ ਸਭ ਨੂੰ ਧਿਆਨ ਦੇਣ ਦੀ ਲੋੜ ਹੈ।

### ਵਿਆਹ

ਉਨ੍ਹਾਂ ਦੋਹਾਂ ਦੀ ਮੁਲਾਕਾਤ ਗੋਲੀਅਥ ਨੂੰ ਮਾਰਨ ਦੇ ਥੋੜ੍ਹੀ ਦੇਰ ਬਾਅਦ ਹੋਈ ਸੀ। ਉਸ ਦਿਓ ਨੂੰ ਮਾਰਨ ਦੇ ਇਨਾਮ ਵਜੋਂ ਸ਼ਾਊਲ ਨੇ ਦਾਊਦ ਦਾ ਵਿਆਹ ਆਪਣੀ ਬੇਟੀ ਮੇਰਬ ਨਾਲ ਕਰਨ ਦਾ ਵਾਅਦਾ ਕੀਤਾ ਸੀ। ਪਰ ਸ਼ਾਊਲ ਦੀ ਈਰਖਾ, ਡਰ ਅਤੇ ਕਈ ਉਲਝਣ ਭਰੀਆਂ ਬੁਰਿਆਈਆਂ ਦੇ ਕਾਰਣ ਉਹ ਆਪਣੇ ਵਾਅਦੇ ਤੋਂ ਮੁੱਕਰ ਗਿਆ ਅਤੇ ਉਸ ਨੇ ਮੇਰਬ ਦਾ ਵਿਆਹ ਕਿਸੇ ਹੋਰ ਨਾਲ ਕਰ ਦਿੱਤਾ ਸੀ। ਜਦ ਸ਼ਾਊਲ ਨੂੰ ਪਤਾ ਲੱਗਿਆ ਕਿ ਉਸ ਦੀ ਬੇਟੀ ਸਚੁਮਚ ਦਾਊਦ ਨੂੰ ਚਾਹੁੰਦੀ ਹੈ ਤਾਂ ਉਸ ਨੇ ਉਸ ਨੂੰ ਮਾਰ ਦੇਣ ਦੇ ਮੌਕਿਆਂ ਵਿੱਚੋਂ ਇਕ ਹੋਰ ਮੌਕਾ ਸਮਝਿਆ (18:20-25)। ਦਾਊਦ ਮੀਕਲ ਨੂੰ ਆਪਣੀ ਬੀਵੀ ਬਣਾਉਣ ਲਈ ਕੁਝ ਵੀ

ਕਰਨ ਨੂੰ ਤਿਆਰ ਸੀ (18:27)। ਉਸ ਨੇ ਉਸ ਉੱਤੇ ਬੜੀ ਦਲੇਰੀ ਨਾਲ ਦਾਅਵਾ ਕਰ ਦਿੱਤਾ ਅਤੇ ਦੋਹਾਂ ਬਾਰੇ ਇਸਰਾਏਲ ਵਿਚ ਇਹ ਗੱਲ ਫੈਲ ਗਈ ਕਿ ਉਹ ''ਸੁਰਗ 'ਚ ਹੋਇਆ ਵਿਆਹ'' ਹੈ।

ਉਸ ਦੇ ਪ੍ਰੇਮ ਦਾ ਸਬੂਤ ਦਾਊਦ ਦੇ ਸਤਾਅ ਲਈ ਸ਼ਾਊਲ ਨੂੰ ਦਿੱਤੇ ਗਏ ਜਵਾਬ ਵਿਚ ਮਿਲਦਾ ਹੈ (19:11–17)। ਸ਼ਾਊਲ ਦੀ ਹਿੰਸਾ ਜ਼ਮੀਰ ਦੀਆਂ ਸਭ ਹੱਦਾਂ ਪਾਰ ਕਰ ਗਈ ਸੀ ਅਤੇ ਅਖ਼ੀਰ ਵਿਚ ਸ਼ਾਊਲ ਨੂੰ ਸਰਕਾਰੀ ਤੌਰ ਤੇ ਕਤਲ ਕਰਵਾਉਣ ਦੀ ਯੋਜਨਾ ਬਣਾਈ ਸੀ। ਜ਼ਾਤੀ ਤੌਰ ਤੇ ਦਾਊਦ ਨੂੰ ਨਾ ਮਾਰ ਸਕਣ ਕਾਰਣ (18:10), ਸ਼ਾਊਲ ਨੇ ਦਾਊਦ ਨੂੰ ਮਾਰਨ ਲਈ ਜਾਲ ਵਿਛਾਇਆ। ਮੀਕਲ ਨੂੰ ਆਪਣੇ ਬਾਪ ਦੀ ਸਾਜ਼ਿਸ਼ ਦਾ ਪਤਾ ਲਗ ਚੁੱਕਾ ਸੀ ਅਤੇ ਉਸ ਨੇ ਆਪਣੀ ਮੂਰਤੀ ਨੂੰ ਢੱਕ ਕੇ ਇਹ ਕਹਿ ਕੇ ਕਿ ਮੰਜੀ ਤੇ ਪਿਆ ਬਿਮਾਰ ਦਾਊਦ ਹੀ ਹੈ ਸ਼ਾਊਲ ਤੋਂ ਬਚਣ ਲਈ ਉਸ ਦੀ ਮਦਦ ਕੀਤੀ ਸੀ। ਆਪਣੀ ਚਲਾਕੀ ਦਾ ਭੇਤ ਖੁਲ੍ਹ ਜਾਣ ਤੇ ਉਸ ਨੇ ਆਪਣੇ ਬਚਾਅ ਲਈ ਸ਼ਾਊਲ ਨਾਲ ਝੂਠ ਬੋਲਿਆ। ਦਾਊਦ ਨੇ ਇਸ ਬਚਾਅ ਦਾ ਇਕ ਵੇਰਵਾ ਲਿਖਿਆ, ਜਿਹੜਾ ਜ਼ਬੂਰ 59 ਵਿਚ ਮਿਲਦਾ ਹੈ। ਇੱਥੋਂ ਹੀ ਦਾਊਦ ਦਾ ਬਨਵਾਸ ਸ਼ੁਰੂ ਹੋਇਆ ਸੀ। ਮੀਕਲ ਨੂੰ ਦਾਊਦ ਤੋਂ ਖੋਹ ਕੇ ਕਿਸੇ ਹੋਰ ਦੀ ਪਤਨੀ ਬਣਨ ਲਈ ਦੇ ਦਿੱਤਾ ਗਿਆ (2 ਸਮੂਏਲ 3:13–16)। ਅੱਠ ਸਾਲਾਂ ਤਕ ਇਹ ਪ੍ਰੇਮੀ ਵੱਖੋ ਵੱਖ ਰਹੇ।

ਦਾਊਦ ਅਤੇ ਮੀਕਲ ਦਾ ਮੁੜ ਮਿਲਣ ਸ਼ਾਊਲ ਦੀ ਮੌਤ ਦੇ ਬਾਅਦ ਹੋਇਆ। ਇਹ ਮੁੜ ਮਿਲਣ ਉਸ ਕੜਵਾਹਟ ਨੂੰ ਸਾਹਮਣੇ ਲਿਆਉਂਦਾ ਹੈ, ਜਿਸ ਦੇ ਕਾਰਣ ਉਹ ਫੇਰ ਵੱਖਰੇ ਹੋ ਗਏ। ਸ਼ਾਊਲ ਲਈ ਮੌਤ ਦੇ ਬਾਅਦ, ਉਸ ਦਾ ਤਖ਼ਤ ਉਸ ਦੇ ਬਚ ਗਏ ਪੁੱਤਰ ਨੂੰ ਸੌਂਪਿਆ ਗਿਆ, ਪਰ ਉਸ ਰਾਜ ਵਿਚ ਸ਼ਾਊਲ ਜਿੰਨੀ ਏਕਤਾ ਅਤੇ ਮਜ਼ਬੂਤੀ ਨਹੀਂ ਸੀ (2 ਸਮੂਏਲ 3:1)। ਬਾਅਦ ਵਿਚ ਗੱਲਬਾਤ ਰਾਹੀਂ ਝਗੜਾ ਕਰਨ ਵਾਲੇ ਦੋਹਾਂ ਗੁੱਟਾਂ ਨੂੰ ਮਿਲਾਇਆ ਗਿਆ (2 ਸਮੂਏਲ 2:12ਤੋਂ)।

ਦਾਊਦ ਦੀ ਪਹਿਲੀ ਸ਼ਰਤ ਇਹ ਸੀ ਕਿ ਮੀਕਲ ਫ਼ੌਰਨ ਉਹਦੇ ਕੋਲ ਵਾਪਸ ਪਰਤ ਆਏ। ਦਾਊਦ ਨੇ ਕਿਹਾ, ''ਮੈਂ ਤੇਰੇ ਨਾਲ ਨੇਮ ਕਰਾਂਗਾ ਪਰ ਤੈਥੋਂ ਮੈਂ ਇਕ ਗੱਲ ਮੰਗਦਾ ਹਾਂ ਅਤੇ ਇਸ ਤੋਂ ਬਿਨਾਂ ਤੂੰ ਮੇਰਾ ਮੂੰਹ ਨਾ ਵੇਖੇਂਗਾ ਭਈ ਜਿਸ ਵੇਲੇ ਤੂੰ ਮੇਰੇ ਮੂੰਹ ਵੇਖਣ ਨੂੰ ਆਵੇਂ ਤਾਂ ਸ਼ਾਊਲ ਦੀ ਧੀ ਮੀਕਲ ਨੂੰ ਆਪਣੇ ਨਾਲ ਲੈ ਆਵੀਂ ...'' (2 ਸਮੂਏਲ 3:13)। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਪਣੇ ''ਪਹਿਲੇ ਪਿਆਰ'' ਦੀਆਂ ਯਾਦਾਂ ਉਸ ਦੇ ਮਨ 'ਚ ਸਨ। ਇਸ ਮਿਲਣ ਨਾਲ ਉਸ ਨੂੰ ਗੱਦੀ ਵੀ ਫੇਰ ਮਿਲ ਜਾਣੀ ਸੀ, ਕਿਉਂਕਿ ਉਸ ਦੀ ਬੀਵੀ ਬਾਦਸ਼ਾਹ ਦੀ ਬੇਟੀ ਸੀ। ਹੈਬਰੋਨ ਵਿਚ ਬਹੁਤ ਦੇਰ ਤੋਂ ਅੰਦਾਜ਼ਨ ਮੁੜ ਮਿਲਣ ਦਸ ਸਾਲਾਂ ਦੀ ਜੁਦਾਈ ਦੇ ਬਾਅਦ ਹੋਇਆ। ਕੀ ਤੁਸੀਂ ਮੀਕਲ ਦੀ ਉਡੀਕ ਕਰਦੇ ਹੋਏ ਦਾਊਦ ਦੇ ਦਿਲ ਦੀਆਂ ਧੜਕਣਾਂ ਅਤੇ ਉਸ ਦੀ ਘਬਰਾਹਟ ਨੂੰ ਮਹਿਸੂਸ ਕਰ ਸਕਦੇ ਹੋ? ਉਹਨੇ ਆਪਣੇ ਪਹਿਲੇ ਪਿਆਰ ਦੀ ਭਾਵ ਜਿਹੜਾ ਉਸ ਔਰਤ ਤੋਂ ਮਿਲਣ ਵਾਲਾ ਸੀ ਆਪਣੀ ਜਾਨ ਤਲੀ ਤੇ ਧਰ ਕੇ ਉਸ ਦੀ ਰਖਵਾਲੀ ਕੀਤੀ ਸੀ। ਇਸ ਵਿਚ ਹੈਰਾਨਗੀ ਨਹੀਂ ਕਿ ਉਹ ਛੇਤੀ ਤੋਂ ਛੇਤੀ ਉਸ ਨੂੰ ਮਿਲਣਾ ਚਾਹੁੰਦਾ ਸੀ। ਪਰ ਹੁਣ ਹਾਲਾਤ ਬਦਲ ਚੁੱਕੇ ਸਨ।

ਦਸ ਸਾਲ ਪਹਿਲਾਂ ਛੋਟੇ ਛੋਟੇ ਲੱਗਣ ਵਾਲੇ ਮਤਭੇਦ ਹੁਣ ਵਧ ਚੁੱਕੇ ਸਨ। ਦਾਊਦ ਅਤੇ ਮੀਕਲ ਤਾਂ ਉਹੀ ਸਨ, ਪਰ ਉਨ੍ਹਾਂ ਦੇ ਮੁਲਾਂਕਣ ਬਦਲ ਚੁੱਕੇ ਸਨ। ਇਹ ਫ਼ਰਕ ਆਪਣੇ ਵਿਆਹ ਦੀ ਯੋਜਨਾ ਬਣਾਉਣ ਅਤੇ ਪਹਿਲੇ ਕੁਝ ਮਹੀਨੇ ਇਕੱਠੇ ਰਹਿਣ ਵੇਲੇ ''ਡੇਟਿੰਗ''

ਐਨੇ ਮਹੱਤਵਪੂਰਣ ਨਹੀਂ ਲਗਦੇ ਸਨ। ਪਰ ਇਹ ਪਾੜੇ ਹੁਣ ਵਧ ਕੇ ਐਨੇ ਵੱਡੇ ਹੋ ਚੁੱਕੇ ਸਨ ਕਿ ਇਸਰਾਏਲ ਦੇ ਇਤਿਹਾਸ ਵਿਚ ਪਰਬ ਦੇ ਇਕ ਦਿਨ ਆਖ਼ਰ ਫੁੱਟ ਹੀ ਨਿਕਲੇ। ਉਨ੍ਹਾਂ ਵਿਚ ਨਾਜ਼ੁਕ ਪ੍ਰੇਮ ਖ਼ਤਮ ਹੋ ਚੁੱਕਾ ਸੀ, ਅਤੇ ਕੜਵਾਹਟ ਨੇ ਜਨਮ ਲੈ ਲਿਆ ਸੀ। ਸੁਰਗ ਵਿਚ ਹੋਏ ਇਸ ਵਿਆਹ ਦਾ ਆਖ਼ਰੀ ਹਵਾਲਾ ਇਸ ਦੁੱਖ ਦੀ ਯਾਦ ਦੁਆਉਂਦਾ ਹੈ (2 ਸਮੂਏਲ 6:23)।

## ਤ੍ਰਾਸਦੀ

ਮੀਕਲ ਦੇ ਜੀਵਨ ਵਿਚ ਅਸੀਂ ਵੇਖਦੇ ਹਾਂ ਕਿ ਇੱਕੋ ਗਲਤੀ ਉਨ੍ਹਾਂ ਦੇ ਪ੍ਰੇਮ ਨੂੰ ਤੋੜਨ ਦਾ ਕਾਰਣ ਸੀ। ਯਾਦ ਰੱਖੋ ਕਿ ਸ਼ੈਤਾਨ ਨੂੰ ਸਿਰਫ਼ ਇਕ ਗਲਤੀ ਦੀ ਲੋੜ ਹੁੰਦੀ ਹੈ, ਅਤੇ ਉਸੇ ਦੀ ਵਰਤੋਂ ਕਰਕੇ ਉਹ ਇਕ ਦਰਾੜ ਬਣਾ ਦੇਵੇਗਾ ਜਿਹੜੀ ਤਬਾਹਕੁੰਨ ਹੜ੍ਹ ਲਈ ਕਾਫ਼ੀ ਹੁੰਦੀ ਹੈ (ਯਾਕੂਬ 2:10)।

ਮੀਕਲ ਦੀ ਉਹ ਗਲਤੀ ਇਹ ਸੀ ਕਿ ਉਸ ਨੇ ਖ਼ੁਦਾ ਨੂੰ ਉਸ ਦੇ ਯੋਗ ਆਦਰ ਨਹੀਂ ਦਿੱਤਾ ਸੀ। ਉਸ ਦੀ ਇੱਛਾ ਪਵਿੱਤਰਤਾ ਲਈ ਨਾ ਹੋ ਕੇ ਇੱਜ਼ਤ ਲਈ, ਸੱਚੀ ਬੰਦਗੀ ਲਈ ਨਾ ਹੋ ਕੇ ਮੂਰਤੀ ਪੂਜਾ ਲਈ ਸੀ। ਉਸ ਦਾ ਪਾਲਣ ਪੋਸ਼ਣ ਸ਼ਾਊਲ ਦੀ ਦੇਖ ਰੇਖ ਵਿਚ ਹੋਇਆ ਸੀ। ਉਸ ਕਾਲ ਵਿਚ ਲੋਕ ਖ਼ੁਦਾ ਦੀ ਪਰਵਾਹ ਨਹੀਂ ਕਰਦੇ ਸਨ (1 ਇਤਿਹਾਸ 13:3)। ਆਮ ਬੰਦਗੀ ਵੱਲ ਧਿਆਨ ਨਹੀਂ ਦਿੱਤਾ ਜਾਂਦਾ ਸੀ ਅਤੇ ਧਾਰਮਿਕ ਜੋਸ਼ ਮਰ ਚੁੱਕਾ ਸੀ। ਮੀਕਲ ਨੂੰ ਖ਼ੁਦਾ ਦਾ ਗਿਆਨ ਸੀ, ਪਰ ਉਹ ਸਚਮੁਚ ਖ਼ੁਦਾ ਨੂੰ ਨਹੀਂ ''ਜਾਣਦੀ'' ਸੀ। ਉਹ ਖ਼ੁਦਾ ਨੂੰ ਘਰੇਲੂ ''ਦੇਵਤਾ'' ਦੇ ਬਰਾਬਰ ਦਾ ਦਰਜਾ ਦਿੰਦੀ ਸੀ (19:16)। ਉਸ ਦੇ ਧਰਮ ਨੂੰ ਅੰਧਵਿਸ਼ਵਾਸ ਅਤੇ ਨੀਰਸਤਾ ਕਿਹਾ ਜਾ ਸਕਦਾ ਹੈ। ਵੱਡੀ ਹੋ ਕੇ, ਦਾਊਦ ਦੀ ਭਗਤੀ ਨੂੰ ਸਹਿਣ ਨਹੀਂ ਕਰ ਸਕਦੀ ਸੀ! ਦਾਊਦ ਨਾਲ ਉਹਦਾ ਪਿਆਰ ਸਿਰਫ਼ ਉਹਦੇ ਨਾਇਕ ਅਤੇ ਬਾਦਸ਼ਾਹ ਹੋਣ ਕਰਕੇ ਸੀ। ਉਹ ਯਹੋਵਾਹ ਦੀ ਪਰਵਾਹ ਨਹੀਂ ਕਰਦੀ ਸੀ ਅਤੇ ਇਸੇ ਕਾਰਣ ਉਸ ਨੇ ਯਹੋਵਾਹ ਦੇ ਸਾਹਮਣੇ ਆਮ ਇਸਰਾਏਲੀਆਂ ਦੇ ਨਾਲ ਆਪਣੇ ਆਪ ਨੂੰ ਬਰਾਬਰ ਰੱਖਣ ਕਰਕੇ ਉਹਦੀ ਹਲੀਮੀ ਅਤੇ ਭਗਤੀ ਭਰੇ ਜੋਸ਼ ਨੂੰ ਤੁੱਛ ਜਾਣਿਆ ਸੀ (2 ਸਮੂਏਲ 6:20)।

ਉਸਦੀ ਇਕ ਗਲਤੀ ਕਰਕੇ ਉਸ ਦਾ ਪਿਆਰ ਕੜਵਾਹਟ ਬਣ ਗਿਆ ਅਤੇ ਅੱਜ ਵੀ ਵਿਆਹੁਤਾ ਸਬੰਧਾਂ ਵਿਚ ਕਲੇਸ਼ ਅਤੇ ਕੜਵਾਹਟ ਲਈ ਜ਼ਿਆਦਾਤਰ ਇਹੀ ਗੱਲ ਜ਼ਿੰਮੇਵਾਰ ਹੈ! ਉਨ੍ਹਾਂ ਘਰਾਂ ਵਿਚ ਜਿੱਥੇ ਅਨੰਦ ਹੋਣਾ ਚਾਹੀਦਾ ਸੀ, ਬਹੁਤ ਸਾਰੇ ਲੋਕ ਮੁਕੱਦਮਿਆਂ ਵਿਚ ਫਸੇ ਹੋਏ ਹਨ ਕਿਉਂਕਿ ਪਤੀ ਜਾਂ ਪਤਨੀ ਵਿੱਚੋਂ ਇਕ ਜਣਾ ਖ਼ੁਦਾ ਨੂੰ ਵਧੇਰੇ ਪਿਆਰ ਕਰਦਾ ਹੈ। ਅਜਿਹੇ ਪਰਿਵਾਰਾਂ ਵਿਚ ਦੁੱਖ ਦੀ ਇਕ ਹੋਰ ਗੱਲ ਇਹ ਪਤਾ ਲਗਦੀ ਹੈ ਕਿ ਦੋ ਜਣਿਆਂ ਨੇ ਆਪਣੇ ਆਪ ਨੂੰ ਇਕ ਦੂਜੇ ਨਾਲ ਪ੍ਰੇਮ ਕਰਨ ਲਈ ਦਿੱਤਾ ਹੋਇਆ ਹੈ, ਜਦ ਕਿ ਉਹ ਇਕ ਸਨਾਤਨ ਜੁਦਾਈ ਵੱਲ ਨੂੰ ਵਧ ਰਹੇ ਹਨ। ਖ਼ੁਦਾ ਵਿਚ ਪੱਕਾ ਯਕੀਨ ਅਤੇ ਪਿਆਰ ਨਾਲ ਵਿਆਹੁਤਾ ਜੀਵਨ ਸ਼ੁਰੂ ਕਰਨ ਵਾਲੇ ਬਹੁਤ ਸਾਰੇ ਜੋੜੇ ਹੌਲੀ ਹੌਲੀ ਇਕ ਅਜਿਹੇ ਵਿਸ਼ਵਾਸ ਵਿਚ ਜਕੜੇ ਜਾਂਦੇ ਹਨ ਜਿਸ ਨੂੰ ''ਸ਼ਾਂਤੀ'' ਮੰਨ ਲਿਆ ਜਾਂਦਾ ਹੈ, ਪਰ ਅਖ਼ੀਰ ਵਿਚ ਉਹੀ ਮੁਸੀਬਤ ਸਾਬਤ ਹੁੰਦੀ ਹੈ!

ਜ਼ਿੰਦਗੀ ਭਰ ਲਈ ਦੋ ਰੂਹਾਂ ਦੇ ਮਿਲਣ ਲਈ ਪੱਕਾ ਕਦਮ ਉਠਾਉਣ ਤੋਂ ਪਹਿਲਾਂ ਗੰਭੀਰਤਾ ਨਾਲ ਇਸ ਉੱਤੇ ਵਿਚਾਰ ਕਰਨਾ ਲਾਜ਼ਮੀ ਹੈ।

## ਨਤੀਜਾ

ਧਾਰਮਿਕ ਤੌਰ ਤੇ ਵੰਡੇ ਘਰ ਦੀ ਤ੍ਰਾਸਦੀ ਬਾਰੇ ਦੱਸਣ ਲਈ ਇਹ ਕਹਾਣੀ ਖ਼ਾਸ ਹੈ। ਵਿਆਹੁਤਾ ਬੰਧਨ ਟੁੱਟਣ ਅਤੇ ਪਤੀ ਪਤਨੀ ਵਿਚਕਾਰ ਪਾੜਾ ਵਧ ਜਾਣ ਅਤੇ ਉਸਦੇ ਵਧਦੇ ਰਹਿਣ ਲਈ ਖਾਸ ਨਤੀਜਿਆਂ ਨੂੰ ਧਿਆਨ ਵਿਚ ਰੱਖੋ।

*ਇਕ ਘੁਮੰਡੀ ਅਤੇ ਹੰਕਾਰੀ ਮਨ ਵਿਖਾਈ ਦੇਵੇਗਾ।* ਮੀਕਲ ਸ਼ਾਹੀ ਠਾਠ–ਬਾਠ ਵਾਲੀ ਜ਼ਿੰਦਗੀ ਚਾਹੁੰਦੀ ਸੀ; ਉਹ ''ਆਮ ਲੋਕਾਂ'' ਨਾਲ ਕੋਈ ਸਬੰਧ ਨਹੀਂ ਰੱਖਣਾ ਚਾਹੁੰਦੀ ਸੀ। ਇਹ ਵਿਖਾਉਂਦਾ ਹੈ ਕਿ ਜੀਵਨ ਪ੍ਰਤੀ ਕਦਰਾਂ ਲਈ ਸਾਡੇ ਫ਼ੈਸਲਿਆਂ ਦਾ ਸਾਡੇ ਵਿਸ਼ਵਾਸ ਨਾਲ ਕਾਫ਼ੀ ਸਬੰਧ ਹੁੰਦਾ ਹੈ। ਵਿਸ਼ਵਾਸ ਦੀਆਂ ਗੱਲਾਂ ਤੇ ਜਦ ਦੋਵੇਂ ਇਕ ਦੂਜੇ ਨਾਲ ਅਸਹਿਮਤ ਹੁੰਦੇ ਹਨ ਤਾਂ ਉਹ ਜੀਵਨ ਪ੍ਰਤੀ ਮੁੱਲਾਂ ਸਬੰਧੀ ਵੀ ਇਕ ਮਨ ਨਹੀਂ ਹੋਣਗੇ। ਦਾਊਦ ਦੇ ਸਮਰਪਣ ਨਾਲ ਮੀਕਲ ਦੀ ਸ਼ਾਹੀ ਸ਼ਾਨ ਤੇ ਅਸਰ ਪੈਂਦਾ ਸੀ ਕਿਉਂਕਿ ਉਹ ਆਮ ਲੋਕਾਂ ਨਾਲ ਘੁਲ ਮਿਲ ਗਈ ਸੀ। ਮੀਕਲ ਨੇ ਆਪਣੇ ਆਪ ਨੂੰ ਦਾਊਦ ਦੀ ਪਤਨੀ ਦੀ ਥਾਂ ''ਸ਼ਾਊਲ ਦੀ ਬੇਟੀ'' ਦੇ ਰੂਪ ਵਿਚ ਵੇਖਿਆ ਅਤੇ ਉਸ ਦੇ ਮੁੱਲ ਓਸੇ ਤੇ ਅਧਾਰਤ ਸਨ।

*ਅਜਿਹੇ ਹਾਲਾਤ ਵਿਚ ਤਾਅਨੇ ਅਤੇ ਖਾ ਜਾਣ ਵਾਲੀ ਭਾਸ਼ਾ ਇਕ ਦੂਜੇ ਲਈ ਵਰਤੀ ਜਾਂਦੀ ਹੋਵੇਗੀ।* ਦਾਊਦ ਦੇ ਜੀਵਨ ਵਿਚ ਪਰਬ ਦਾ ਇਕ ਸਭ ਤੋਂ ਖੁਸ਼ੀ ਦਾ ਦਿਨ ਸੀ ਉਹ ਆਪਣੇ ਘਰ ਨੂੰ ''ਬਰਕਤ'' ਦੇਣ ਲਈ ਗਿਆ ਸੀ (6:20)। ਉਹ ਆਇਆ ਤਾਂ ਅਨੰਦਮਈ ਦਾਅਵਤ ਪਾਉਣ ਦੀ ਉਮੀਦ ਰੱਖ ਕੇ ਸੀ। ਪਰ ਸਿੱਧਾ ''ਮਧੂ ਮੱਖੀ ਦੇ ਛੱਜੇ ਵਿਚ'' ਗਿਆ! ਉਸ ਦਾ ਸੁਆਗਤ ਮਜ਼ਾਕ ਅਤੇ ਠੱਠੇ ਭਰੇ ਢੰਗ ਨਾਲ ਹੋਇਆ। ਮੀਕਲ ਬੜੀ ਚਿੜੀ ਹੋਈ ਸੀ ਜਿਸਨੇ ਕਿਹਾ, ''ਅੱਜ ਆਪਣੇ ਨੌਕਰਾਂ ਦੀਆਂ ਟਹਿਲਣਾਂ ਦੀਆਂ ਅੱਖੀਆਂ ਦੇ ਸਾਮਹਣੇ ਆਪਣੇ ਆਪ ਨੂੰ ਨੰਗਾ ਕੀਤਾ ਜਿੱਕਰ ਕੋਈ ਲੁੱਚਾ ਆਪਣੇ ਆਪ ਨੂੰ ਨਿਲੱਜ ਬਣਾ ਕੇ ਨੰਗਾ ਕਰਦਾ ਹੈ!'' (2 ਸਮੂਏਲ 6:20)। ਇਬਰਾਨੀ ਵਿਚ ''ਲੁੱਚਾ'' ਕਿਸੇ ਦੀ ਬੇਇੱਜ਼ਤੀ ਕਰਨ ਲਈ ਸਭ ਤੋਂ ਮਾੜਾ ਸ਼ਬਦ ਹੈ। ਉਹ ਉਸ ਨੂੰ ''ਖਾਲੀ ਦਿਮਾਗ ਵਾਲਾ ਮੂਰਖ'' (ਤੁਲਨਾ ਮੱਤੀ 5:22) ਆਖ ਰਹੀ ਸੀ। ਸ਼ਾਇਦ ਇਸੇ ਤੋਂ ਦਾਊਦ ਨੂੰ ਜ਼ਬੂਰ 52:2, 57:4, ਅਤੇ 120:3 ਲਿਖਣ ਦੀ ਪ੍ਰੇਰਣਾ ਮਿਲੀ। ਮੀਕਲ ਨੇ ਦਾਊਦ ਉੱਤੇ ''ਨੰਗੇ'' ਹੋਣ ਦਾ ਇਲਜ਼ਾਮ ਲਗਾਇਆ ਸੀ, ਜਦ ਕਿ ਉਸ ਨੇ ਇਕ ਆਮ ਸ਼ਹਿਰੀ ਵਾਂਗ ਸਿਰਫ਼ ਆਪਣਾ ਸ਼ਾਹੀ ਲਿਬਾਸ ਹੀ ਉਤਾਰਿਆ ਸੀ। ਪਤੀ ਪਤਨੀ ਵਿਚ ਮਿਹਣੇ ਅਤੇ ਚੁਭਣ ਵਾਲੀਆਂ ਗੱਲਾਂ ਦਾ ਇਹ ਦ੍ਰਿਸ਼ ਦਾਊਦ ਅਤੇ ਮੀਕਲ ਵਾਂਗ ਬਹੁਤ ਸਾਰੇ ਜੋੜਿਆਂ ਦਾ ਹੈ।

*ਸਮਝ ਵਿਚ ਕਮੀ, ਨਰਾਜ਼ਗੀ ਅਤੇ ਅਖ਼ੀਰ ਵਿਚ ਅੱਡ ਹੋ ਜਾਣਾ ਹੀ ਹੋਵੇਗਾ।* ਦਾਊਦ ਵਾਂਗ ਖ਼ੁਦਾ ਨੂੰ ਪਿਆਰ ਨਾ ਕਰ ਸਕਣ ਕਾਰਣ ਮੀਕਲ ਨੂੰ ਵਿੱਚੋਂ ਵਿਚ ਆਉਣ ਵਾਲੇ ਜੋਸ਼ ਦੀ ਸਮਝ ਨਹੀਂ ਸੀ। ਉਸ ਨੇ ਉਸ ਨੂੰ ''ਤੁੱਛ ਜਾਣਿਆ'' (6:16), ਜਿਸ ਤੋਂ ਉਸ ਦੀ ਨਫ਼ਰਤ ਬਾਰੇ ਪਤਾ ਲਗਦਾ ਹੈ। ਬੜੇ ਮਸੀਹੀ ਲੋਕ ਅਜਿਹੇ ਹਨ, ਜਿਨ੍ਹਾਂ ਦਾ ਪਤਨੀ ਜਾਂ ਪਤੀ ਵੱਲੋਂ ਰੂਹਾਨੀ ਤੌਰ ਤੇ ਹੌਸਲਾ ਤੋੜਿਆ ਜਾਂਦਾ ਹੈ। ਵਿਆਹ ਲਈ ਵਿਸ਼ਵਾਸ ਵਿਚ ਅਲਹਿਦਗੀ ਇਕ ਅਜਿਹੀ ਰੁਕਾਵਟ ਹੈ, ਜਿਸ ਨੂੰ ਦੂਰ ਕਰਨਾ ਜ਼ਰੂਰੀ ਹੈ। ਆਮ ਤੌਰ ਤੇ ਖ਼ੁਦਾ ਨਾਲ ਸਮਝੌਤਾ ਅਤੇ ਜੀਵਨ ਸਾਥੀ ਨਾਲ ਸੁਲਾਹ ਦੇ ਸਮਝੌਤੇ ਜਾਂ ਖ਼ੁਦਾ ਨਾਲ ਸੁਲਾਹ ਅਤੇ ਜੀਵਨ ਸਾਥੀ ਤੋਂ ਅੱਡ ਹੋਣ ਵਿੱਚੋਂ ਇਕ ਨੂੰ ਚੁਣਨਾ ਜ਼ਰੂਰੀ ਹੁੰਦਾ ਹੈ।

ਸਾਰ ਇਹ ਹੈ ਕਿ ਦਾਊਦ ਅਤੇ ਮੀਕਲ ਵਾਂਗ ਬਹੁਤ ਸਾਰੇ ਪਤੀ ਪਤਨੀਆਂ ਵਿਚਕਾਰ

ਦਰਾਰ ਵਾਲੇ ਜ਼ਖਮ ਐਨੇ ਵੱਡੇ ਹੋ ਜਾਂਦੇ ਹਨ ਕਿ ਚੰਗਿਆਈ ਨਹੀਂ ਮਿਲ ਪਾਉਂਦੀ, ਜਿਸ ਦਾ ਨਤੀਜਾ ਤਲਾਕ ਹੀ ਹੁੰਦਾ ਹੈ।

## ਸਾਰ

ਕਹਾਣੀ ਦਾ ਅੰਤ ਕਿੰਨਾ ਸੁੱਖਦਾਇਕ ਹੁੰਦਾ ਜੇ ਮੀਕਲ ਲਈ ਸਿਰਫ਼ ਐਨਾ ਹੀ ਲਿਖਿਆ ਹੁੰਦਾ ਕਿ ਉਹ ''ਖ਼ੁਦਾ ਦੇ ਮਨ ਮੁਤਾਬਕ'' ਔਰਤ ਸੀ। ਉਹ ਅਤੇ ਦਾਊਦ ਪਤੀ ਪਤਨੀ ਦੇ ਰੂਪ ਵਿਚ ਨਹੀਂ ਰਹੇ, ਅਤੇ ਦੂਜੀ ਹੋਰ ਦਰਾਰ ਵਧਦੀ ਗਈ (2 ਸਮੂਏਲ 6:23)। 2 ਸਮੂਏਲ 21:8 ਉਸਦੇ ਪੰਜ ਪੁੱਤਰ ਹੋਣ ਦੀ ਗੱਲ ਕਹਿੰਦਾ ਹੈ (KJV), ਪਰ ਉਹ ਮੀਕਲ ਦੇ ਨਹੀਂ ਸਗੋਂ ਮੇਰਬ ਦੇ ਹੋਣ ਦੀ ਬਹੁਤੀ ਸੰਭਾਵਨਾ ਹੈ। ਜ਼ਾਹਿਰ ਤੌਰ ਤੇ, ਮੀਕਲ ਨੇ ਆਪਣੀ ਭੈਣ ਦੇ ਪੁੱਤਰਾਂ ਨੂੰ ਪਾਲਿਆ ਸੀ।

ਇਸ ਨਾਜ਼ੁਕ ਪ੍ਰੇਮ ਕਹਾਣੀ ਦਾ ਕਿੰਨਾ ਦੁਖਦ ਅੰਤ ਹੁੰਦਾ ਹੈ। ਇਹ ਧਿਆਨ ਕਰਨ ਤੇ ਕਿ ਅੱਜ ਬਹੁਤ ਲੋਕ ਇਸੇ ਰਾਹ ਤੇ ਚੱਲ ਰਹੇ ਹਨ, ਕਿੰਨਾ ਬੁਰਾ ਲਗਦਾ ਹੈ।

ਇਸ ਪ੍ਰੇਮ ਕਹਾਣੀ ਦਾ ਅੰਤ ਤਬਾਹੀ ਵਿਚ ਹੋਇਆ, ਕਿਉਂਕਿ ਦੋ ਜਣਿਆ ਨੇ ਵਿਸ਼ਵਾਸ ਦੀ ਨਾਬਰਾਰੀ ਵਿਚ ਇਕੱਠੇ ਰਹਿਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਦੇ ਵਿਆਹ ਲਈ ਇਹ ਸ਼ਬਦ ਕਾਫ਼ੀ ਹਨ: ਸੁਆਰਥੀ, ਘੁਮੰਡੀ, ਜ਼ਬਾਨ ਦਰਾਜ਼, ਮਿਹਣੇ ਦੇਣ ਵਾਲਾ, ਗੁੱਸੇ ਖੋਰ।

ਪਵਿੱਤਰ ਲਿਖਤ ਦੇ ਹਰੇਕ ਵਿਦਿਆਰਥੀ ਨੂੰ ਸੰਜੀਦਗੀ ਨਾਲ ਵੇਖਣਾ ਚਾਹੀਦਾ ਹੈ ਕਿ ਪਰਿਵਾਰ ਦੇ ਵਿਸ਼ਵਾਸ ਦਾ ਇਕ ਹੋਣਾ ਕਿੰਨਾ ਜ਼ਰੂਰੀ ਹੈ। ਸਾਨੂੰ ਆਪਣੇ ਜਵਾਨਾਂ ਨੂੰ ਸਿਰਫ਼ ਮਸੀਹੀ ਜੀਵਨ ਸਾਥੀ ਚੁਣ ਕੇ ਵਿਆਹ ਕਰਨ ਦੀ ਬੇਨਤੀ ਕਰਨੀ ਚਾਹੀਦੀ ਹੈ ਅਤੇ ਹੋ ਸਕੇ ਤਾਂ ਦਾਊਦ ਅਤੇ ਮੀਕਲ ਦੀ ਜ਼ਿੰਦਗੀ ਦੀ ਕੜਵਾਹਟ ਨੂੰ ਆਪਣੇ ਤੋਂ ਦੂਰ ਰੱਖਣਾ ਚਾਹੀਦਾ ਹੈ! ਆਪਣੇ ਜਵਾਨਾਂ ਅੰਦਰ ਇਸ ਅਹਿਸਾਸ ਨੂੰ ਬਿਠਾ ਦਿਓ ਕਿ ਉਹ ਤ੍ਰਾਸਦੀ ਉਨ੍ਹਾਂ ਦੇ ਘਰਾਂ ਵਿਚ ਨਾ ਦੁਹਰਾਈ ਜਾਵੇ।